# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## ਵਾਰਡ ਨੰਬਰ 2 ਦੇ ਮੁਹੱਲਾ ਨਿਊ ਸੁਖੀਆਬਾਦ ਵਿਖੇ 3 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਜਿਮ ਰੂਮ ਦੇ ਕੰਮ ਦੀ ਮੇਅਰ ਸ਼ਿਵ ਸੂਦ ਨੇ ਦੀ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 20 ਦਸੰਬਰ ਨਗਰ ਨਿਗਮ, ਹੁਸ਼ਿਆਰਪੁਰ ਦੇ ਮੇਅਰ ਸ਼ਿਵ ਸੂਦ ਨੇ ਅੱਜ ਵਾਰਡ ਨੰ: 2 ਦੇ ਮੁੱਹਲਾ ਨਿਊ ਸੁਖੀਆਬਾਦ ਵਿਖੇ 3 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਜਿੰਮ ਰੂਮ ਦੇ ਕੰਮ ਦੀ ਸ਼ੁਰੂਆਤ ਮੁਹੱਲੇ ਦੇ ਬਜ਼ੁਰਗ ਸੁਰਤ ਲਾਲ ਤੋਂ ਰੀਬਨ ਕੱਟਵਾ ਕੇ ਕਰਨ ਮੌਕੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੇ ਗਏ ਸੰਗਤ ਦੌਰਾਨ ਇਸ ਵਾਰਡ ਲਈ ਜਿਮ ਦਾ ਸਮਾਨ ਅਤੇ ਜਿਸ ਰੂਮ ਲਈ 3 ਲੱਖ ਰੁਪਏ ਮੰਜ਼ੂਰ ਕੀਤੇ ਸਨ ਜਿਮ ਦਾ ਸਮਾਨ ਅਤੇ ਇਕ ਸਪੋਰਟਸ ਕਿੱਟ ਇਸ ਮੁਹੱਲੇ ਦੀ ਕਲੱਬ ਨੂੰ ਪਹਿਲਾਂ ਹੀ ਦੇ ਦਿੱਤੇ ਗਏ ਹਨ ਅਤੇ ਅੱਜ ਜਿਮ ਰੂਮ ਦੇ ਕੰਮ ਦੀ ਸੁਰੂਆਤ ਕੀਤੀ ਜਾ ਰਹੀ ਹੈ ਜਿਸ ਦੇ ਬਨਣ ਨਾਲ ਇਸ ਵਾਰਡ ਦੇ ਨੌਜਵਾਨਾਂ ਨੂੰ ਆਪਣੀ ਸੇਹਤ ਸੰਭਾਲ ਰੱਖਣ ਲਈ ਜਿਮ ਵਿੱਚ ਆ ਕੇ ਕਸਰਤ ਕਰਨ ਦਾ ਮੌਕਾ ਮਿਲੇਗਾ। ਉਹਨਾਂ ਦੱਸਿਆ ਕਿ ਇਸ ਵਾਰਡ ਵਿੱਚ ਸੀਵਰੇਜ਼ ਪੀਣ ਵਾਲਾ ਸਾਫ਼ ਸੁਥਰਾ ਪਾਣੀ ਅਤੇ ਪੱਕੀਆਂ ਗਲੀਆਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਇਸ ਵਾਰਡ ਦੇ ਰਹਿੰਦੇ ਕੰਮ ਵੀ ਪਹਿਲ ਦੇ ਆਧਾਰ ਤੇ ਕੀਤੇ ਜਾ ਰਹੇ ਹਨ।

ਨਗਰ ਨਿਗਮ ਦੇ ਐਸ.ਡੀ.ਓ ਕੁਲਦੀਪ ਸਿੰਘ, ਜੇ.ਈ ਲਵਦੀਪ ਸਿੰਘ, ਵਾਰਡ ਨੰ: 49 ਦੇ ਕੌਂਸਲਰ ਸਰਬਜੀਤ ਸਿੰਘ, ਮੰਜੂ ਸੈਣੀ, ਠਾਕਰ ਰਮੇਸ਼ ਚੰਦ, ਦੇਵਰਾਜ ਸ਼ਰਮਾ, ਰਾਮ ਚੰਦ, ਅਮਿਤ ਚੱਡਾ, ਅਨੂਪ ਡੋਗਰਾ, ਬਲਦੇਵ ਭਾਰਗਵ, ਅਨੀਤਾ ਸ਼ਰਮਾ, ਸ਼ੱਸੀ ਬਾਲਾ, ਸੰਜੋਗਤਾ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।